# ਸਿੱਖ ਐਜੂਕੇਸ਼ਨ ਕੌਂਸਲ ਵੱਲੋਂ ਸਰਦਾਰ ਗਜਿੰਦਰ ਸਿੰਘ ਦੀ ਯਾਦ ਵਿੱਚ ਕੁਝ ਸ਼ਬਦ

Sikh Education Council



## ਸਰਦਾਰ ਗਜਿੰਦਰ ਸਿੰਘ

### ਜਲਾਵਤਨੀ ਜੁਝਾਰੂ ਸਿੱਖ ਕਵੀ

ਇਸ ਸੰਸਾਰ ਵਿੱਚ ਕੁਝ ਰੂਹਾਨੀ ਰੂਹਾਂ ਤੇ ਵਾਹਿਗੁਰੂ ਦੀ ਐਸੀ ਕਿਰਪਾ ਹੁੰਦੀ ਹੈ ਕਿ ਉਹ ਹੋਸ਼ ਤੇ ਜੋਸ਼ ਦੇ ਸੁਮੇਲ ਦੀ ਬਖਸਿਸ਼ ਵਿੱਚ ਲੱਥਪਥ ਮੀਰੀ ਤੇ ਪੀਰੀ ਦੀ ਕਸੌਟੀ ਤੇ ਖਰਾ ਉਤਰ ਆਪਣੀ ਜੀਵਨ ਕਿਸ਼ਤੀ ਨੂੰ ਐਸੀ ਦਿਸ਼ਾ ਦਿੰਦੇ ਨੇ ਜਿੱਥੇ ਬਾਦਬਾਨ ਰਾਹ ਮੋੜਦੀਆਂ ਤੂਫ਼ਾਨੀ ਛੱਲਾਂ ਨਾਲ ਸਮਝੌਤੇ ਨਹੀਂ ਕਰਦੇ ਤੇ ਜਿੱਥੇ ਮੰਜ਼ਲ ਅਜ਼ਾਦ ਫਿਜ਼ਾ ਵਾਲੀ ਧਰਤ ਹੀ ਹੋ ਸਕਦੀ ਹੈ।

ਐਸੀ ਹੀ, ਜਲਾਵਤਨੀ ਹੰਢਾਉਂਦੀ ਇੱਕ ਸਿੱਖ ਰੂਹ, ਸਰਦਾਰ ਗਜਿੰਦਰ ਸਿੰਘ, ਗੁਰੂ ਦੇ ਚਰਨਾਂ ਵਿੱਚ 4 ਜੁਲਾਈ 2024 ਨੂੰ ਜਾ ਬਿਰਾਜੀ। ਇਤਿਹਾਸ ਦੇ ਸਫ਼ਿਆਂ ਤੇ ਇਤਿਹਾਸਕਾਰ ਆਪਣੇ ਆਪਣੇ ਪਾਸੇ ਵਾਲੀ ਸਰਹੱਦ ਦੇ ਅਸੂਲਾਂ ਦੀ ਹੱਦ ਵਿੱਚ ਰਹਿੰਦਿਆਂ ਸਰਦਾਰ ਗਜਿੰਦਰ ਸਿੰਘ ਦੀ ਕਹਾਣੀ ਲਿਖਣਗੇ ਕੁਝ ਬੇਵਤਨੀ ਦੀ ਤੇ ਕੁਝ ਜਲਾਵਤਨੀ ਦੀ। ਸਰਦਾਰ ਗਜਿੰਦਰ ਸਿੰਘ ਨੂੰ ਸ਼ਾਇਦ ਇਸ ਦਾ ਇਲਮ ਪਹਿਲਾਂ ਤੋਂ ਹੀ ਸੀ ਤਾਂ ਹੀ ਉਸ ਨੇ ਆਪਣੇ ਅੰਦਰਲੀ ਵਿਚਾਰਧਾਰਾ ਨੂੰ ਆਪਣੇ ਕਵੀ ਮਨ ਦੇ ਜਜ਼ਬਾਤਾਂ ਦੇ ਵਹਿਣ ਨੂੰ ਵਰਤ ਆਪਣਾ ਇਤਿਹਾਸ ਆਪ ਉੱਕਰ ਦਿੱਤਾ।

**ਹੇਠਲੀਆਂ ਸਤਰਾਂ ਉਸਦੀ ਕਵਿਤਾ ਦੇ ਵੇਗ ਦਾ ਕੇਂਦਰ ਨੇ:**

**ਅਸੀਂ ਉੱਠ ਚੁੱਕੇ ਹਾਂ**
**ਦਬਾਏ ਜਾ ਨਹੀਂ ਸਕਦੇ**
**ਜੂਝਣ ਲਈ ਨਿਕਲੇ ਹਾਂ**
**ਮਿਟਾਏ ਜਾ ਨਹੀਂ ਸਕਦੇ।**

**ਸਰਦਾਰ ਗਜਿੰਦਰ ਸਿੰਘ ਨੇ ਆਖ਼ਰੀ ਸਾਹਾਂ ਤੱਕ ਇਹਨਾਂ ਲਿਖੀਆਂ ਸਤਰਾਂ ਨਾਲ ਸਿੱਦਕ ਕਮਾਇਆ।**

**ਇਸ ਸਿੱਖ ਜਗਤ ਦੇ ਮਹਾਨ ਕਵੀ ਨੂੰ ਗੁਰੂ ਦਾ ਹੋਣ ਤੇ ਸਿੱਖ ਐਜੂਕੇਸ਼ਨ ਕੌਂਸਲ ਗੁਰੂ ਦੇ ਚਰਨਾਂ ਵਿੱਚ ਉਸਦੀਆਂ ਅਧੂਰੀਆਂ ਅਰਦਾਸਾਂ ਨੂੰ ਪੂਰਿਆਂ ਕਰਨ ਦੀ ਅਰਦਾਸ ਕਰਦੀ ਹੈ। ਹੱਥਲੀਆਂ ਸਤਰਾਂ ਸ਼ਾਇਦ ਇਸ ਸੂਰਜਾਂ ਅੱਗੇ ਨਾ ਝੁਕਣ ਵਾਲੇ ਕਵੀ ਨੂੰ ਸੱਚੀ ਸ਼ਰਧਾਂਜਲੀ ਹੋਣ:**

**ਸਿਰਾਂ ਸਿਰਾਂ ਵਿਚ ਵੀ ਫ਼ਰਕ ਹੁੰਦਾ**
**ਬਹੁਤੇ ਦਰਬਾਰਾਂ ਅੱਗੇ ਝੁਕਣ ਵਾਲੇ,**
**ਵਿਰਲੇ ਦਰਬਾਰਾਂ ਅੱਗੇ ਬੁੱਕਣ ਵਾਲੇ।**

ਇਹਨਾਂ ਵਿਰਲੇ ਸਿਰਾਂ ਵਿੱਚੋਂ ਇੱਕ ਸੀ ਸਰਦਾਰ ਗਜਿੰਦਰ ਸਿੰਘ।

### ਦੋ ਗੱਲਾਂ

ਇਕ ਸੋਚ ਸੋਚੀ ਏ
ਇਕ ਸੁਪਨਾ ਲੀਤਾ ਏ
ਹੁਣ ਘਰ ਬਣਾਣ ਦਾ

ਇਕ ਨਿਸਚਾ ਕੀਤਾ ਏ,
ਇਕ ਤਹੱਈਆ ਕੀਤਾ ਏ
ਹੁਣ ਸਿਰ ਕਟਵਾਣ ਦਾ ।

++

ਅਸੀਂ ਉਠ ਚੁੱਕੇ ਹਾਂ
ਦਬਾਏ ਜਾ ਨਹੀਂ ਸਕਦੇ,
ਜੂਝਣ ਲਈ ਨਿਕਲੇ ਹਾਂ
ਮਿਟਾਏ ਜਾ ਨਹੀਂ ਸਕਦੇ ।

+++++